ਯੁਨਾਈਟੇਡ ਸਟੇਟਸ ਖੇਤੀਬਾੜੀ ਵਿਭਾਗ
(United States Department of Agriculture)

ਫਾਰਮ ਸਰਵਿਸ ਏਜੰਸੀ

# ਤਬਾਹੀ ਸਹਾਇਤਾ
## ਐਮਰਜੈਂਸੀ ਕਰਜ਼ਾ ਪ੍ਰੋਗਰਾਮ

### ਸੰਖੇਪ

U.S. ਖੇਤੀਬਾੜੀ ਵਿਭਾਗ ਦਾ ਫਾਰਮ ਸਰਵਿਸ ਏਜੰਸੀ (FSA) ਉਤਪਾਦਕਾਂ ਨੂੰ ਸੋਕੇ, ਹੜ੍ਹਾਂ, ਹੋਰ ਕੁਦਰਤੀ ਤਬਾਹੀਆਂ ਜਾਂ ਕੁਆਰਨਟੀਨ ਦੇ ਕਾਰਨ ਪੈਦਾਵਾਰ ਅਤੇ ਭੌਤਿਕ ਨੁਕਸਾਨ ਤੋਂ ਉਭਰਨ ਵਿੱਚ ਮਦਦ ਲਈ ਐਮਰਜੈਂਸੀ ਕਰਜ਼ੇ ਪ੍ਰਦਾਨ ਕਰਦਾ ਹੈ।

### ਕਰਜ਼ੇ ਦੀ ਵਰਤੋਂ

ਐਮਰਜੈਂਸੀ ਕਰਜ਼ਾ ਫੰਡ ਹੇਠਾਂ ਦਿੱਤੀਆਂ ਲਈ ਵਰਤੇ ਜਾ ਸਕਦੇ ਹਨ:

- ਜ਼ਰੂਰੀ ਸੰਪਤੀ ਦੀ ਮੁੜ-ਬਹਾਲੀ ਕਰਨ ਜਾਂ ਉਸ ਨੂੰ ਬਦਲਣ ਲਈ;
- ਤਬਾਹੀ ਵਾਲੇ ਸਾਲ ਨਾਲ ਜੁੜੇ ਉਤਪਾਦਨ ਦੇ ਖਰਚਿਆਂ ਦੇ ਸਾਰੇ ਜਾਂ ਕੁਝ ਹਿੱਸੇ ਦਾ ਭੁਗਤਾਨ ਕਰਨ ਲਈ;
- ਪਰਿਵਾਰਕ ਰਹਿਣ-ਸਹਿਣ ਦੇ ਜ਼ਰੂਰੀ ਖਰਚਿਆਂ ਦਾ ਭੁਗਤਾਨ ਕਰਨ ਲਈ;
- ਖੇਤੀ ਦੇ ਕੰਮਕਾਜ ਦਾ ਮੁੜ ਗਠਨ ਕਰਨ ਲਈ; ਅਤੇ
- ਕੁਝ ਕਰਜ਼ਿਆਂ ਨੂੰ ਮੁੜ-ਫਾਈਨਾਂਸ ਕਰਨ ਲਈ।

### ਕੌਣ ਯੋਗ ਹੈ?

ਐਮਰਜੈਂਸੀ ਕਰਜ਼ੇ ਉਨ੍ਹਾਂ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਦਿੱਤੇ ਜਾ ਸਕਦੇ ਹਨ ਜੋ:

- ਕਿਸੇ ਕਾਉਂਟੀ ਵਿੱਚ ਸਥਿਤ ਜ਼ਮੀਨ ਦੇ ਮਾਲਕ ਹੋਣ ਜਾਂ ਉਸ ਦਾ ਸੰਚਾਲਨ ਕਰਦੇ ਹਨ ਜਿਸ ਨੂੰ ਪ੍ਰਾਇਮਰੀ ਆਪਦਾ ਖੇਤਰ ਜਾਂ ਕੁਆਰਨਟੀਨ ਖੇਤਰ ਵੱਜੋਂ ਰਾਸ਼ਟਰਪਤੀ ਦੁਆਰਾ ਘੋਸ਼ਿਤ ਕੀਤੀ ਗਈ ਜਾਂ ਖੇਤੀਬਾੜੀ ਸੈਕਟਰੀ ਦੁਆਰਾ ਨਿਰਧਾਰਿਤ ਕੀਤੀ ਗਈ ਹੋਵੇ। ਘੋਸ਼ਿਤ, ਮਨੋਨੀਤ ਜਾਂ ਕੁਆਰਨਟੀਨ ਕੀਤੀਆਂ ਪ੍ਰਾਇਮਰੀ ਕਾਉਂਟੀਆਂ ਨਾਲ ਲਗਦੀਆਂ ਸਾਰੀਆਂ ਕਾਉਂਟੀਆਂ ਵੀ ਐਮਰਜੈਂਸੀ ਕਰਜ਼ਿਆਂ ਲਈ ਯੋਗ ਹਨ। FSA ਪ੍ਰਸ਼ਾਸਕ ਦੁਆਰਾ ਤਬਾਹੀ ਦਾ ਦਿੱਤਾ ਗਿਆ ਨਾਮਾਂਕਣ ਕੇਵਲ ਉਨ੍ਹਾਂ ਨਾਮਾਂਕਿਤ ਅਤੇ ਨਾਲ ਲੱਗਦੀਆਂ ਕਾਉਂਟੀਆਂ ਵਿੱਚ ਭੌਤਿਕ ਨੁਕਸਾਨ ਲਈ ਐਮਰਜੈਂਸੀ ਕਰਜ਼ਾ ਸਹਾਇਤਾ ਲਈ ਅਧਿਕਾਰਤ ਕਰਦਾ ਹੈ;
- ਜੋ ਸਥਾਪਤ ਪਰਿਵਾਰਕ ਫਾਰਮ ਓਪਰੇਟਰ ਹਨ ਅਤੇ ਜਿਨ੍ਹਾਂ ਕੋਲ ਖੇਤੀਬਾੜੀ ਜਾਂ ਪਸ਼ੂ ਪਾਲਣ ਦਾ ਕਾਫੀ ਅਨੁਭਵ ਹੈ;
- ਜੋ ਯੂਨਾਈਟੇਡ ਸਟੇਟਸ ਦੇ ਨਾਗਰਿਕ ਜਾਂ ਸਥਾਈ ਨਿਵਾਸੀ ਹਨ;
- ਜਿਨ੍ਹਾਂ ਨੇ ਫਸਲਾਂ ਦੇ ਉਤਪਾਦਨ ਵਿੱਚ ਘੱਟੋ-ਘੱਟ 30 ਪ੍ਰਤੀਸ਼ਤ ਨੁਕਸਾਨ ਜਾਂ ਪਸ਼ੂਧਨ, ਪਸ਼ੂਧਨ ਦੇ ਉਤਪਾਦਾਂ, ਅਚਲ ਸੰਪਤੀ, ਜਾਂ ਚੱਲ ਸੰਪੱਤੀ ਦਾ ਭੌਤਿਕ ਨੁਕਸਾਨ ਝੱਲਿਆ ਹੈ;
- ਜਿਨ੍ਹਾਂ ਦਾ ਇੱਕ ਸਵੀਕਾਰਯੋਗ ਕਰੈਡਿਟ ਇਤਿਹਾਸ ਹੈ;
- ਜੋ ਵਪਾਰਕ ਸਰੋਤਾਂ ਤੋਂ ਕ੍ਰੈਡਿਟ ਪ੍ਰਾਪਤ ਕਰਨ ਵਿੱਚ ਅਸਮਰੱਥ ਹਨ;
- ਕਰਜ਼ਾ ਸੁਰੱਖਿਅਤ ਕਰਨ ਲਈ ਜਮਾਨਤ (ਕੋਲੇਟਰਲ) ਪ੍ਰਦਾਨ ਕਰ ਸਕਦੇ ਹਨ; ਅਤੇ
- ਜਿਨ੍ਹਾਂ ਦੀ ਮੁੜ-ਭੁਗਤਾਨ ਕਰਨ ਦੀ ਯੋਗਤਾ ਹੈ।



### ਲੋਨ ਦੀਆਂ ਜ਼ਰੂਰਤਾਂ

FSA ਲੋਨ ਦੀਆਂ ਜ਼ਰੂਰਤਾਂ ਹੋਰਾਂ ਕਰਜ਼ਦਾਤਾਵਾਂ ਨਾਲੋਂ ਵੱਖਰੀਆਂ ਹਨ। ਕੁਝ ਵਧੇਰੇ ਮਹੱਤਵਪੂਰਣ ਅੰਤਰ ਹੇਠਾਂ ਦਿੱਤੇ ਗਏ ਹਨ:

- ਕਰਜ਼ਦਾਰਾਂ ਨੂੰ ਫਾਰਮ ਦੇ ਸਵੀਕਾਰਯੋਗ ਰਿਕਾਰਡ ਬਣਾਈ ਰੱਖਣੇ ਚਾਹੀਦੇ ਹਨ;
- ਕਰਜ਼ਦਾਰਾਂ ਨੂੰ ਲਾਜ਼ਮੀ ਤੌਰ ਤੇ ਉਨ੍ਹਾਂ ਦੁਆਰਾ ਬਣਾਈ ਗਈ ਖੇਤੀਬਾੜੀ ਯੋਜਨਾ ਜਿਸ ਨਾਲ ਸਥਾਨਕ FSA ਸਟਾਫ ਸਹਿਮਤ ਹੋਵੇ, ਅਨੁਸਾਰ ਕੰਮ ਕਰਨਾ ਚਾਹੀਦਾ ਹੈ; ਅਤੇ
- ਕਰਜ਼ਦਾਰਾਂ ਨੂੰ ਵਿੱਤੀ ਪ੍ਰਬੰਧਨ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਅਤੇ ਫਸਲੀ ਬੀਮਾ ਪ੍ਰਾਪਤ ਕਰਨ ਦੀ ਲੋੜ ਹੋ ਸਕਦੀ ਹੈ।

### ਜਮਾਨਤ (ਕੋਲੇਟਰਲ) ਦੀ ਲੋੜ ਹੈ

ਸਾਰੇ ਐਮਰਜੈਂਸੀ ਕਰਜ਼ੇ ਪੂਰੀ ਤਰ੍ਹਾਂ ਜਮਾਨਤ ਪੂਰਨ ਹੋਣੇ ਚਾਹੀਦੇ ਹਨ। ਜਮਾਨਤ ਦੀ ਖਾਸ ਕਿਸਮ ਕਰਜ਼ੇ ਦੇ ਉਦੇਸ਼, ਮੁੜ-ਭੁਗਤਾਨ ਕਰਨ ਦੀ ਯੋਗਤਾ ਅਤੇ ਬਿਨੈਕਾਰ ਦੇ ਵਿਅਕਤੀਗਤ ਹਾਲਾਤਾਂ ਦੇ ਅਧਾਰ ਤੇ ਨਿਰਭਰ ਕਰਦੀ ਹੈ। ਜੇ ਬਿਨੈਕਾਰ ਲੋੜੀਂਦੀ ਜਮਾਨਤ ਪ੍ਰਦਾਨ ਨਹੀਂ ਕਰ ਸਕਦੇ, ਤਾਂ ਉਨ੍ਹਾਂ ਦੀ ਮੁੜ-ਭੁਗਤਾਨ ਕਰਨ ਦੀ ਯੋਗਤਾ ਨੂੰ ਕਰਜ਼ਾ ਪ੍ਰਾਪਤ ਕਰਨ ਲਈ ਜਮਾਨਤ ਮੰਨਿਆ ਜਾ ਸਕਦਾ ਹੈ। ਕਰਜ਼ੇ ਦੇ ਫੰਡਾਂ ਦੇ ਨਾਲ ਹਾਸਲ, ਉਤਪਾਦਿਤ, ਮੁੜ ਫਾਈਨਾਂਸ ਕਰਵਾਈ ਸੰਪੱਤੀ ਜਾਂ ਉਤਪਾਦਾਂ ਤੇ ਪਹਿਲੀ ਮੁੜ-ਧਾਰਨ ਅਧਿਕਾਰ (ਲੀਨ) ਦੀ ਲੋੜ ਹੁੰਦੀ ਹੈ।

## ਕਰਜ਼ੇ ਦੀ ਸੀਮਾ

**ਉਤਪਾਦਕ ਅਸਲ ਉਤਪਾਦਨ ਦਾ** 100 **ਪ੍ਰਤੀਸ਼ਤ ਜਾਂ ਵੱਧ-ਤੋਂ-ਵੱਧ** $500,000 **ਤੱਕ ਦੇ ਭੌਤਿਕ ਨੁਕਸਾਨ ਤੱਕ ਦਾ ਕਰਜ਼ ਲੈ ਸਕਦੇ ਹਨ।**

## ਕਰਜ਼ ਦੀਆਂ ਮਿਆਦਾਂ

**ਫਸਲਾਂ, ਪਸ਼ੂਧਨ ਅਤੇ ਗੈਰ-ਅਚਲ ਸੰਪਤੀ ਦੇ ਨੁਕਸਾਨਾਂ ਲਈ ਕਰਜ਼, ਕਰਜ਼ ਦੇ ਉਦੇਸ਼, ਮੁੜ-ਭੁਗਤਾਨ ਕਰਨ ਦੀ ਯੋਗਤਾ ਅਤੇ ਕਰਜ਼ ਦੀ ਮੁੱਖੀਆ ਦੇ ਤੌਰ' ਤੇ ਉਪਲੱਬਧ ਜਮਾਨਤ ਤੇ ਨਿਰਭਰ ਕਰਦਿਆਂ ਆਮ ਤੌਰ ਤੇ ਇੱਕ ਤੋਂ ਸੱਤ ਸਾਲਾਂ ਦੇ ਅੰਦਰ-ਅੰਦਰ ਚੁਕਾ ਦਿੱਤੇ ਜਾਂਦੇ ਹਨ। ਵਿਸ਼ੇਸ਼ ਹਾਲਾਤਾਂ ਵਿੱਚ,** 20 **ਸਾਲ ਤੱਕ ਦੀਆਂ ਮਿਆਦਾਂ ਅਧਿਕਾਰਤ ਕੀਤੀਆਂ ਜਾ ਸਕਦੀਆਂ ਹਨ। ਅਚਲ ਸੰਪੱਤੀ ਨੂੰ ਹੋਏ ਭੌਤਿਕ ਨੁਕਸਾਨ ਲਈ ਕਰਜ਼ ਆਮ ਤੌਰ ਤੇ** 30 **ਸਾਲਾਂ ਦੇ ਅੰਦਰ-ਅੰਦਰ ਮੁੜ-ਭੁਗਤਾਨ ਕੀਤਾ ਜਾਂਦਾ ਹੈ। ਕੁਝ ਸਥਿਤੀਆਂ ਵਿੱਚ, ਮੁੜ-ਭੁਗਤਾਨ ਵੱਧ ਤੋਂ ਵੱਧ** 40 **ਸਾਲਾਂ ਵਿੱਚ ਕੀਤਾ ਜਾ ਸਕਦਾ ਹੈ।**

## ਮੌਜੂਦਾ ਵਿਆਜ ਦਰ

ਮੌਜੂਦਾ ਐਮਰਜੈਂਸੀ ਕਰਜ਼ੇ ਦੀ ਵਿਆਜ ਦਰ ਦਾ ਪਤਾ ਲਗਾਉਣ ਲਈ, fsa.usda.gov/farmloans **ਤੇ ਜਾਓ।**

## ਐਪਲੀਕੇਸ਼ਨ ਦੀ ਆਖਰੀ ਤਾਰੀਖ

**ਐਮਰਜੈਂਸੀ ਕਰਜ਼ਿਆਂ ਲਈ ਅਰਜ਼ੀਆਂ ਕਾਊਂਟੀ ਨੂੰ ਤਬਾਹੀ ਜਾਂ ਕੁਆਰਨਟੀਨ ਨਾਮਾਂਕਿਤ ਕਰਨ ਦੀ ਤਾਰੀਖ ਤੋਂ ਲਾਜ਼ਮੀ ਰੂਪ ਵਿੱਚ ਅੱਠ ਮਹੀਨਿਆਂ ਦੇ ਅੰਦਰ-ਅੰਦਰ ਪ੍ਰਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।**



## ਹੋਰ ਜਾਣਕਾਰੀ ਲਈ

**ਇਹ ਤੱਥ ਪੱਤਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਯੋਗਤਾ ਸ਼ਰਤਾਂ ਜਾਂ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ।** FSA **ਤਬਾਹੀ ਸਹਾਇਤਾ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ** farmers.gov **'ਤੇ ਜਾਓ ਜਾਂ ਆਪਣੇ ਸਥਾਨਕ** FSA **ਦਫ਼ਤਰ ਨਾਲ ਸੰਪਰਕ ਕਰੋ।** ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, farmers.gov/service-center-locator **ਤੇ ਜਾਓ।**